# ਚਰਚਿਲ ਫੈਲੋਸ਼ਿਪਾਂ ਲਈ ਅਰਜ਼ੀਆਂ 1 ਮਾਰਚ ਤੋਂ ਖੁੱਲ੍ਹ ਰਹੀਆਂ ਹਨ

ਕੀ ਤੁਸੀਂ ਕਿਸੇ ਅਜਿਹੇ ਵਿਸ਼ੇ ਜਾਂ ਮੁੱਦੇ, ਜਿਸ ਬਾਰੇ ਤੁਸੀਂ ਉਤਸੁਕ ਹੋ, ਦੀ ਪੜਚੋਲ ਕਰਨ ਲਈ ਚਾਰ ਤੋਂ ਅੱਠ ਹਫ਼ਤਿਆਂ ਲਈ ਵਿਦੇਸ਼ ਯਾਤਰਾ ਕਰਨਾ ਚਾਹੁੰਦੇ ਹੋ, ਅਤੇ ਵਾਪਸ ਆ ਕੇ ਆਪਣਾ ਗਿਆਨ ਸਾਂਝਾ ਕਰਨਾ ਚਾਹੁੰਦੇ ਹੋ? ਅਸੀਂ ਤੁਹਾਡੇ ਵੱਲੋਂ ਚਰਚਿਲ ਫੈਲੋਸ਼ਿਪ ਲਈ ਅਰਜ਼ੀ ਦਿੱਤੇ ਜਾਣ ਨੂੰ ਪਸੰਦ ਕਰਾਂਗੇ।

ਚਰਚਿਲ ਫੈਲੋਸ਼ਿਪ 18 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਆਸਟ੍ਰੇਲੀਆਈ ਨਾਗਰਿਕ ਜਾਂ ਆਸਟ੍ਰੇਲੀਆ ਦੇ ਸਥਾਈ ਨਿਵਾਸੀ ਲਈ ਹੈ ਜੋ ਅੰਤਰਰਾਸ਼ਟਰੀ ਪੱਧਰ ਦੇ ਬੇਹਤਰੀਨ ਢੰਗ-ਤਰੀਕੇ ਅਤੇ ਨਵੀਂ ਖੋਜ ਦੀ ਪੜਚੋਲ ਕਰਨਾ ਚਾਹੁੰਦੇ ਹਨ ਜਾਂ ਦੂਜੇ ਦੇਸ਼ਾਂ ਤੋਂ ਨਵੇਂ ਹੁਨਰ ਸਿੱਖਣਾ ਚਾਹੁੰਦੇ ਹਨ। ਤੁਹਾਨੂੰ ਆਪਣੀਆਂ ਸਿੱਖਿਆਵਾਂ ਨੂੰ ਵਾਪਸ ਲਿਆਉਣ ਅਤੇ ਲਾਗੂ ਕਰਨ ਵਿੱਚ ਸਾਡੇ ਭਾਈਚਾਰੇ ਨੂੰ ਹੋਣ ਵਾਲੇ ਲਾਭ ਦਾ ਪ੍ਰਦਰਸ਼ਨ ਕਰਨ ਦੀ ਲੋੜ ਹੋਵੇਗੀ।

ਚਰਚਿਲ ਫੈਲੋਜ਼ ਨੇ ਕੁੱਝ ਸਭ ਤੋਂ ਮਸ਼ਹੂਰ ਨਵੀਨ ਖੋਜਾਂ ਬਣਾਈਆਂ ਹਨ, ਅਤੇ ਉਹਨਾਂ ਵਿੱਚ ਕੁਏਸਟਾਕਨ, ਪਲੇਸਕੂਲ ਥੀਮ ਗੀਤ, ਸੁਪਰਮਾਰਕੀਟਾਂ ਵਿੱਚ ਯੂਨਿਟ ਪ੍ਰਾਈਸਿੰਗ, ਅਤੇ ਨੇਬਰਹੁੱਡ ਵਾਚ ਸ਼ਾਮਲ ਹਨ, ਇਹ ਸਿਰਫ਼ ਕੁੱਝ ਕੁ ਨਾਮ ਹੀ ਹਨ। ਚਰਚਿਲ ਟਰੱਸਟ ਦੀ ਸਥਾਪਨਾ 1965 ਵਿੱਚ ਸਰ ਵਿੰਸਟਨ ਚਰਚਿਲ ਦੀ ਮੌਤ ਤੋਂ ਬਾਅਦ ਕੀਤੀ ਗਈ ਸੀ, ਜਦੋਂ ਆਸਟ੍ਰੇਲੀਆਈ ਜਨਤਾ ਨੇ ਦੇਸ਼ ਦੇ ਸਭ ਤੋਂ ਵੱਡੇ ਦਰਵਾਜ਼ੇ ਖੜਕਾ ਕੇ ਦਾਨ ਮੰਗਣ ਦੀਆਂ ਅਪੀਲਾਂ ਵਿੱਚੋਂ ਇੱਕ ਅਪੀਲ ਵਿੱਚ ਖੁੱਲ੍ਹੇ ਦਿਲ ਨਾਲ ਦਾਨ ਦਿੱਤਾ ਸੀ। ਲਗਭਗ ਛੇ ਦਹਾਕੇ ਪਹਿਲਾਂ, 28 ਫਰਵਰੀ 1965 ਨੂੰ, "ਚਰਚਿਲ ਮੈਮੋਰੀਅਲ ਸੰਡੇ" ਦਰਵਾਜ਼ਾ ਖੜਕਾ ਕੇ ਦਾਨ ਮੰਗਣ ਦੀ ਅਪੀਲ ਪੂਰੇ ਆਸਟ੍ਰੇਲੀਆ ਵਿੱਚ ਆਯੋਜਿਤ ਕੀਤੀ ਗਈ ਸੀ।

ਅਰਜ਼ੀ ਦੇਣ ਵਾਲਿਆਂ ਨੂੰ ਆਪਣੇ ਖੁਦ ਦੇ ਪ੍ਰੋਜੈਕਟ ਡਿਜ਼ਾਈਨ ਕਰਨ ਦਾ ਅਧਿਕਾਰ ਦਿੱਤਾ ਜਾਂਦਾ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਉਹ ਅਰਜ਼ੀ ਦੇਣ ਤੋਂ ਪਹਿਲਾਂ ਆਸਟ੍ਰੇਲੀਆ ਵਿੱਚ ਆਪਣੇ ਵਿਸ਼ੇ ਜਾਂ ਮੁੱਦੇ 'ਤੇ ਚੰਗੀ ਤਰ੍ਹਾਂ ਖੋਜ, ਅਧਿਐਨ ਜਾਂ ਕੰਮ ਕਰਨਗੇ। ਚਰਚਿਲ ਫੈਲੋਸ਼ਿਪ ਇੱਕ ਅਕਾਦਮਿਕ ਪੁਰਸਕਾਰ ਨਹੀਂ ਹੈ, ਅਤੇ ਅਰਜ਼ੀ ਦੇਣ ਲਈ ਕਿਸੇ ਵਿੱਦਿਅਕ ਯੋਗਤਾ ਦੀ ਲੋੜ ਨਹੀਂ ਹੈ।

ਸਾਡੇ ਚਰਚਿਲ ਫੈਲੋਜ਼ ਅਤੇ ਉਹਨਾਂ ਦੁਆਰਾ ਖੋਜ ਕੀਤੇ ਗਏ ਵਿਭਿੰਨ ਪ੍ਰੋਜੈਕਟਾਂ ਬਾਰੇ ਇੱਥੇ ਪੜ੍ਹ ਕੇ ਪ੍ਰੇਰਿਤ ਹੋਵੋ।